## ਜਮਾਤ - ਬਾਰ੍ਹਵੀਂ

## ਵਿਸ਼ਾ- ਇੱਲੈਕਟਿਵ ਪੰਜਾਬੀ

---

# *ਸੂਫੀ ਕਵੀ ਸ਼ੇਖ ਫਰੀਦ ਜੀ*

---



**1.ਸ਼ੇਖ ਫਰੀਦ ਜੀ ਦਾ ਜਨਮ ਕਦੋਂ ਹੋਇਆ ?**

**ਉੱਤਰ-1173 ਇਸਵੀ ।**

**2.ਸ਼ੇਖ ਫਰੀਦ ਜੀ ਦਾ ਪੂਰਾ ਨਾਂ ਕੀ ਸੀ ?**

ਉੱਤਰ- ਸ਼ੇਖ਼ ਫ਼ਰੀਦ-ਉਦ-ਦੀਨ ਮਸਊਦ ਸ਼ਕਰਗੰਜ ।

**3.ਸ਼ੇਖ ਫਰੀਦ ਜੀ ਦੇ ਕਿੰਨੇ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹਨ ?**

ਉੱਤਰ-ਇੱਕ ਸੌ ਬਾਰਾਂ (112) ।

4.ਫਰੀਦ ਜੀ ਦੀ ਰਚਨਾ ਦੀ ਭਾਸ਼ਾ ਕਿਹੜੀ ਹੈ ?

ਉੱਤਰ-ਮੁਲਤਾਨੀ ਪੰਜਾਬੀ (ਲਹਿੰਦੀ) ।

5.ਸ਼ੇਖ ਫਰੀਦ ਜੀ ਦਾ ਜਨਮ ਕਿਹੜੇ ਪਿੰਡ ਵਿੱਚ ਹੋਇਆ ?

ਉੱਤਰ-ਖੋਤਵਾਲ (ਕੋਠੇਵਾਲ਼) ।

6.ਸ਼ੇਖ ਫਰੀਦ ਜੀ ਕਿਸ ਦੇ ਮੁਰੀਦ ਹਨ ?

ਉੱਤਰ-ਖ਼ਵਾਜਾ ਕੁਤੁਬਦੀਨ ਬਖ਼ਤਿਆਰ ਕਾਕੀ ।

7.ਫ਼ਰੀਦ ਜੀ ਦਾ ਦੇਹਾਂਤ ਕਦੋਂ ਹੋਇਆ ?

ਉੱਤਰ-1266 ਇਸਵੀ ਪਾਕਪਟਨ ।

8.'ਦਿਲਹੁੰ ਮੁਹੱਬਤ ਜਿੰਨ ਸੱਚਿਆ' ਸ਼ਲੋਕ ਦਾ ਰਚਨਾ ਹਾਰ ਕੌਣ ਹੈ ?

ਉੱਤਰ-ਸ਼ੇਖ ਫ਼ਰੀਦ ਜੀ ।

9.ਸੱਚੇ ਆਸ਼ਕਾਂ ਦਾ ਪਰਮਾਤਮਾ ਨਾਲ ਪਿਆਰ ਕਿਹੋ ਜਿਹਾ ਹੁੰਦਾ ਹੈ ?

ਉੱਤਰ-ਦਿਲੋਂ ।

10.ਜਿਨ੍ਹਾਂ ਮਨੁੱਖਾਂ ਨੂੰ ਰੱਬ ਨਾਲ ਸੱਚਾ ਪਿਆਰ, ਹੈ ਫ਼ਰੀਦ ਜੀ ਨੇ ਉਨ੍ਹਾਂ ਨੂੰ ਕੀ ਕਿਹਾ ?

ਉੱਤਰ-ਸੱਚੇ ਪ੍ਰੇਮੀ ।

11.ਜਿਨ੍ਹਾਂ ਦੇ ਮਨ ਵਿੱਚ ਕੁਝ ਹੋਰ ਹੁੰਦਾ ਹੈ, ਮੂੰਹੋਂ ਕੁਝ ਹੋਰ ਕਹਿੰਦੇ ਹਨ, ਅਜਿਹੇ ਆਸ਼ਿਕ ਕੀ ਹੁੰਦੇ ਹਨ ?

ਉੱਤਰ- ਕੱਚੇ ਜਾਂ ਝੂਠੇ ।

12.ਰੱਬ ਦੇ ਪਿਆਰ ਦੇ ਰੰਗ ਵਿੱਚ ਅਤੇ ਰੱਬ ਦੇ ਦੀਦਾਰ ਦੇ ਰੰਗ ਵਿੱਚ ਰੰਗੇ ਹੋਏ ਮਨੁੱਖ ਕਿਹੋ ਜਿਹੇ ਹੁੰਦੇ ਹਨ ?

ਉੱਤਰ-ਅਸਲ ਮਨੁੱਖ ।

13.ਰੱਬ ਦੇ ਨਾਮ ਨੂੰ ਭੁੱਲ ਜਾਣ ਵਾਲੇ ਮਨੁੱਖਾਂ ਬਾਰੇ ਸ਼ੇਖ ਫਰੀਦ ਜੀ ਕੀ ਕਹਿੰਦੇ ਹਨ ?

ਉੱਤਰ-ਧਰਤੀ ਉੱਤੇ ਭਾਰ ।

14.ਜਿਨ੍ਹਾਂ ਨੂੰ ਰੱਬ ਨੇ ਆਪਣੇ ਲੜ ਲਾਇਆ ਹੈ, ਉਹ ਰੱਬ ਦੇ ਦਰ ਤੋਂ ਕਿਸ ਚੀਜ਼ ਦੀ ਮੰਗ ਕਰਦੇ ਹਨ ?

ਉੱਤਰ-ਇਸ਼ਕ ਦੀ ।

15. ਜਿਨ੍ਹਾਂ ਨੂੰ ਰੱਬ ਨੇ ਆਪਣੇ ਲੜ ਲਾਇਆ ਹੈ ਉਹ ਕਿਸ ਦੇ ਦਰ ਦੇ ਫਕੀਰ ਹਨ ?

ਉੱਤਰ- ਰੱਬ ਦੇ ।

16.ਫਰੀਦ ਜੀ ਸੰਸਾਰਕ ਪਦਾਰਥਾਂ ਦੀ ਖੇਤੀ ਕਰਨ ਨਾਲੋਂ ਕਿਹੜੀ ਗੱਲ ਵੱਲ ਤਰਜ਼ੀਹ ਦਿੰਦੇ ਹਨ ?

ਉੱਤਰ-ਨੇਕ ਕੰਮ ਕਰਨ ਵੱਲ ।

17. ਮਨੁੱਖ ਨੂੰ ਕਿਹੜੀ ਗੱਲ ਤੋਂ ਬੇਪ੍ਰਵਾਹ ਨਹੀਂ ਹੋਣਾ ਚਾਹੀਦਾ ?

ਉੱਤਰ-ਮੌਤ ਤੋਂ ।

18.ਫਰੀਦ ਜੀ ਅਨੁਸਾਰ ਨੂੰ ਨਿਰੋਗ ਰੱਖਣ ਲਈ ਕਿਹੜਾ ਗੁਣ ਧਾਰਨ ਕਰਨਾ ਚਾਹੀਦਾ ਹੈ ?

ਉੱਤਰ-ਗੁੱਸਾ ਮਨ ਵਿੱਚ ਨਾ ਰੱਖਣ ਦਾ ।

19.ਮਨੁੱਖ ਨੂੰ ਬੁਰਾ ਕਰਨ ਵਾਲੇ ਨਾਲ ਕਿਹੋ ਜਿਹਾ ਵਰਤਾਓ ਕਰਨਾ ਚਾਹੀਦਾ ਹੈ ?

ਉੱਤਰ-ਭਲਾ ।

20.ਫਰੀਦ ਜੀ ਅਨੁਸਾਰ ਸੰਸਾਰ ਕਿਸ ਚੀਜ਼ ਨਾਲ ਭਰਿਆ ਪਿਆ ਹੈ ?

ਉੱਤਰ-ਦੁੱਖਾਂ ਨਾਲ ।

21.ਫ਼ਰੀਦ ਜੀ ਅਨੁਸਾਰ ਘਰ-ਘਰ ਕਾਹਦੀ ਅੱਗ ਲੱਗੀ ਹੋਈ ਦਿਖਾਈ ਦਿੰਦੀ ਹੈ ?

ਉੱਤਰ-ਮੌਤ ਦੀ ।

22.ਫਰੀਦ ਜੀ ਕਿੰਨਾਂ ਤੋਂ ਬਲਿਹਾਰ ਜਾਂਦੇ ਹਨ ?

ਉੱਤਰ-ਪੰਛੀਆਂ ਤੋਂ ।

23.ਜੀਵ ਇਸਤਰੀ ਕਿਸ ਨੂੰ ਵੱਸ ਕਰਨਾ ਚਾਹੁੰਦੀ ਹੈ ?

ਉੱਤਰ-ਪਰਮਾਤਮਾ ਰੂਪੀ ਪਤੀ ਨੂੰ ।

24.ਫ਼ਰੀਦ ਜੀ ਇਸਤਰੀ ਨੂੰ ਕਿਹੜਾ ਲੱਛਣ ਧਾਰਨ ਕਰਨ ਲਈ ਕਹਿੰਦੇ ਹਨ ?

ਉੱਤਰ-ਨਿਮਰਤਾ ਦਾ ।

25. ਫ਼ਰੀਦ ਜੀ ਜੀਵ ਇਸਤਰੀ ਨੂੰ ਕਿਹੜਾ ਗੁਣ ਧਾਰਨ ਕਰਨ ਲਈ ਕਹਿੰਦੇ ਹਨ ?

ਉੱਤਰ-ਸਹਿਣਸ਼ੀਲਤਾ ਦਾ ।

26.ਪੰਜਾਬੀ ਸੂਫ਼ੀ ਕਾਵਿ ਧਾਰਾ ਦਾ ਜਨਮ ਕਿਸ ਕਵੀ ਦੀ ਕਵਿਤਾ ਨਾਲ ਹੋਇਆ ਹੈ ?

ਉੱਤਰ- ਸ਼ੇਖ ਫ਼ਰੀਦ ਜੀ ।

27.ਫਰੀਦ ਜੀ ਇਸਤਰੀ ਨੂੰ ਪਰਮਾਤਮਾ ਨੂੰ ਵੱਸ ਕਰਨ ਲਈ ਕਿੰਨੇ ਗੁਣ ਧਾਰਨ ਕਰਨ ਲਈ ਕਹਿੰਦੇ ਹਨ ?

ਉੱਤਰ-ਤਿੰਨ ।

28. ਸ਼ੇਖ ਫਰੀਦ ਜੀ ਨੇ ਸੱਚ ਕਿਸ ਨੂੰ ਕਿਹਾ ਹੈ ?

ਉੱਤਰ-ਪਰਮਾਤਮਾ ਨੂੰ ।

29. ਫਰੀਦ ਜੀ ਕਿੰਨ੍ਹਾਂ ਦੇ ਪੈਰ ਚੁੰਮਣ ਦੀ ਗੱਲ ਕਰਦੇ ਹਨ ?

ਉੱਤਰ-ਜਿਹੜੇ ਸੱਚ ਨੂੰ ਪਛਾਣਦੇ ਹਨ ।

30.ਸ਼ੇਖ ਫਰੀਦ ਜੀ  ਕਿਹੜੇ ਆਸਰੇ ਦੀ ਗੱਲ ਕਰਦੇ ਹਨ ?

ਉੱਤਰ-ਪਰਮਾਤਮਾ  ।

31.ਪਰਮਾਤਮਾ ਦੇ ਦਰ ਉੱਤੇ ਕਿਹੜਾ ਮਨੁੱਖ ਕਬੂਲ ਹੁੰਦਾ ਹੈ ?

ਉੱਤਰ-ਨਿਮਰਤਾ ਧਾਰਣ ਕਰਨ ਵਾਲਾ

32. ਫ਼ਰੀਦ ਜੀ ਕਿਸ ਦੀ ਨਿੰਦਿਆ ਕਰਨ ਤੋਂ ਵਰਜਦੇ ਹਨ ?

ਉੱਤਰ-ਖਾਕ ਦੀ ।




ਤਿਆਰ ਕਰਤਾ -

ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ )

ਮੋਬਾਇਲ – 75087-27529

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰ. ਰਣ ਸਿੰਘ।